**Part – A**

**Punjabi (Qualifying Nature)**

**1. ਭਾਰੀ ਵੀਰ ਸਿੰਘ ਦਾ ਜਨਮ ਕਦੋਂ ਹੋਇਆ ?**

**(A) 1868 (B) 1872 (C) 1875 (D) 1890**

**2. ਦੁਆਬ ਸ਼ਬਦ ਕਿਸ ਭਾਸ਼ਾ ਦਾ ਹੈ ?**

**(A) ਅਰਬੀ (B) ਲਾਤੀਨੀ (C) ਫਾਰਸੀ (D) ਸੰਸਕ੍ਰਿਤ**

**3. ਹੇਠ ਲਿਖਿਆਂ ਵਿੱਚੋਂ ਕਿਹੜੇ ਇਲਾਕੇ ਵਿਚ ਮੁਲਤਾਨੀ ਉਪ-ਭਾਸ਼ਾ ਨਹੀਂ ਬੋਲੀ ਜਾਂਦੀ ?**

**(A) ਬਹਾਵਲਪੁਰ (B) ਝੰਗ (C) ਡੇਰਾ ਗ਼ਾਜ਼ੀ ਖਾਂ (D) ਲਾਹੌਰ**

**4. ਲਹਿੰਏ ਪੰਜਾਬ ਦੇ ਹੇਠ ਲਿਖੇ ਜ਼ਿਲ੍ਹਿਆਂ ਵਿੱਚੋਂ ਕਿਹੜੇ ਜ਼ਿਲ੍ਹੇ ਵਿਚ ਮਾਝੀ ਉਪਭਾਸ਼ਾ ਬੋਲੀ ਜਾਂਦੀ ਹੈ ?**

**(A) ਸਿਆਲਕੋਟ (B) ਰਾਵਲਪਿੰਡੀ (C) ਕੈਮਲਪੁਰ (D) ਉਪਰੋਕਤ ਵਿੱਚੋਂ ਕੋਈ ਨਹੀਂ**

**5. ਹੇਠ ਲਿਖਿਆਂ ਵਿੱਚੋਂ ਕਿਹੜੀ ਉਪਭਾਸ਼ਾ ਵਿਚ 'ਵ' ਦੀ ਥਾਂ 'ਬ' ਧੁਨੀ ਦੀ ਵਰਤੋਂ ਕੀਤੀ ਜਾਂਦੀ ਹੈ ?**

**(A) ਮਾਝੀ (B) ਦੁਆਬੀ (C) ਮੁਲਤਾਨੀ (D) ਪੋਠੋਹਾਰੀ**

**6. ਪੰਜਾਬੀ ਭਾਸ਼ਾ ਵਿਚ ਕਿੰਨੀਆਂ ਸਵਰ ਧੁਨੀਆਂ ਹਨ ?**

**(A) 3 (B) 5 (C) 8 (D) 10**

**7. ਹੇਠ ਲਿਖਿਆਂ ਵਿੱਚੋਂ ਕਿਹੜਾ ਮੇਲਾ ਭਾਚਰੋਂ ਦੇ ਮਹੀਨੇ ਵਿਚ ਲੱਗਦਾ ਹੈ ?**

**(A) ਮੁਕਤਸਰ ਦਾ ਮੇਲਾ (B) ਜਰਗ ਦਾ ਮੇਲਾ (C) ਜਗਰਾਵਾਂ ਦਾ ਮੇਲਾ (D) ਛਪਾਰ ਦਾ ਮੇਲਾ**

**8. ਹੇਠ ਲਿਖਿਆਂ ਵਿੱਚੋਂ ਸੌਂਚੀ ਦੀ ਖੇਡ ਕਿਸ ਵਰਗ ਵੱਲੋਂ ਖੇਡੀ ਜਾਂਦੀ ਹੈ ?**

**(A) ਬੱਚੇ (B) ਜੁਆਨ (C) ਬਜ਼ੁਰਗ (D) ਉਪਰੋਕਤ ਵਿੱਚੋਂ ਕੋਈ ਨਹੀਂ**

**9. ਹੇਠ ਲਿਖਿਆਂ ਵਿੱਚੋਂ ਕਿਹੜਾ ਗਹਿਣਾ ਇਸਤਰੀਆਂ ਵੀਣੀ ਵਿਚ ਪਹਿਨਦੀਆਂ ਹਨ ?**

**(A) ਚੰਪਾਕਲੀ (B) ਪਿੱਪਲ ਪੱਤੀਆਂ (C) ਰੇਲਾਂ (D) ਗੋਖੜੂ**

10. ਹੇਠ ਲਿਖਿਆਂ ਵਿੱਚੋਂ ਫੁਲਕਾਰੀ ਦੀ ਕਿਹੜੀ ਕਿਸਮ ਇਸਤਰੀ ਵਿਆਹ ਸਮੇਂ ਫੇਰਿਆਂ ਵੇਲੇ ਸਿਰ ਉੱਪਰ ਲੈਂਦੀ ਹੈ ?

(A) ਸੁੰਡਰ (B) ਚੋਪ (C) ਨੀਲਕ (D) ਛਮਾਸ

11. ਅੰਮ੍ਰਿਤਸਰ ਵਿਚ ਕਿਲ੍ਹਾ ਲੋਹਗੜ੍ਹ ਦੀ ਨਿਰਮਾਣ ਕਿਸ ਨੇ ਕਰਵਾਇਆ ਸੀ ?

(A) ਗੁਰੂ ਹਰਿਗੋਬਿੰਦ ਸਾਹਿਬ (B) ਗੁਰੂ ਗੋਬਿੰਦ ਸਿੰਘ

(C) ਬੰਦਾ ਬਹਾਦਰ (D) ਮਹਾਰਾਜਾ ਰਣਜੀਤ ਸਿੰਘ

12. ਸ਼ਹੀਦ ਭਗਤ ਸਿੰਘ ਦਾ ਜਨਮ ਕਿੱਥੇ ਹੋਇਆ ?

(A) ਖਟਕੜ ਕਲਾ, ਜ਼ਿਲ੍ਹਾ : ਸ਼ਹੀਦ ਭਗਤ ਸਿੰਘ ਨਗਰ (B) ਹੁਸੈਨੀਵਾਲਾ, ਜ਼ਿਲ੍ਹਾ : ਫ਼ਿਰੋਜ਼ਪੁਰ

(C) ਬੰਗਾ, ਜ਼ਿਲ੍ਹਾ : ਲਾਇਲਪੁਰ (D) ਉਪਰੋਕਤ ਵਿੱਚੋਂ ਕੋਈ ਨਹੀਂ

13. ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਆਪ ਜੀ ਦੇ ਜਨਮ ਸਮੇਂ ਕਿਸ ਅਹੁਦੇ ਤੇ ਕਾਰਜ ਕਰਦੇ ਸਨ ?

(A) ਨਵਾਬ (B) ਪਟਵਾਰੀ (C) ਅਧਿਆਪਕ (D) ਮੰਤਰੀ

14. ਗੁਰੂ ਅੰਗਦ ਦੇਵ ਜੀ ਦੇ ਪਿਤਾ ਜੀ ਦਾ ਕੀ ਨਾਮ ਹੈ ?

(A) ਬਾਬਾ ਦਾਸੂ ਜੀ (B) ਭਾਈ ਦਾਤੂ ਜੀ (C) ਬਾਬਾ ਦੇਵੀ ਚੰਦ ਜੀ (D) ਬਾਬਾ ਫੇਰੂ ਮੱਲ ਜੀ

15. ਗੁਰੂ ਰਾਮਦਾਸ ਜੀ ਦੇ ਬਚਪਨ ਦਾ ਨਾਮ ਕੀ ਸੀ?

(A) ਜੇਠਾ (B) ਹਰਦਾਸ (C) ਰਾਮਦਾਸ (D) ਪ੍ਰਿਥੀ

16. ਗੁਰੂ ਅਰਜਨ ਦੇਵ ਜੀ ਦਾ ਜਨਮ ਕਿਸ ਸੰਨ ਵਿੱਚ ਹੋਇਆ?

(A) 1553 (B) 1563 (C) 1573 (D) 1583

17. ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਰਚਨਾ ਕਿਹੜੀ ਹੈ ?

(A) ਚੌਪਈ ਸਾਹਿਬ (B) ਅਨੰਦ ਸਾਹਿਬ (C) ਸੁਖਮਨੀ ਸਾਹਿਬ (D) ਉਪਰੋਕਤ ਸਾਰੇ

18. "ਮੇਰਾ ਮਨ ਲੋਚੈ ਗੁਰ ਦਰਸਨ ਤਾਈ" ਇਸ ਪੰਕਤੀ ਵਿਚ 'ਤਾਈ' ਸ਼ਬਦ ਕਿਸ ਅਰਥ ਵਿਚ ਆਇਆ ਹੈ?

((A) ਤਾਂਘ (B) ਤੇਈ (C) ਤੇਹ (D) ਵਾਸਤੇ

19. ਗੁਰੂ ਤੇਗ ਬਹਾਦਰ ਜੀ ਦੇ ਪਿਤਾ ਜੀ ਦਾ ਨਾਮ ਦੱਸੋ ।

(A) ਗੁਰੂ ਹਰਿਗੋਬਿੰਦ ਸਾਹਿਬ ਜੀ (B) ਸ੍ਰੀ ਲਾਲ ਚੰਦ ਜੀ

(C) ਗੁਰੂ ਹਰਿਰਾਏ ਜੀ (D) ਉਪਰੋਕਤ ਕੋਈ ਨਹੀਂ

20. ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚੋਂ ਪ੍ਰਸਿੱਧ ਰਚਨਾ ਕਿਹੜੀ ਹੈ ?

(A) ਜਪੁਜੀ ਸਾਹਿਬ (B) ਪੱਟੀ (C) ਜਾਪੁ ਸਾਹਿਬ (D) ਉਪਰੋਕਤ ਸਾਰੇ

21. ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਕਾਲ ਕਿੰਨੇ ਵਰ੍ਹਿਆਂ ਦਾ ਸੀ ?

(A) 52 (B) 62 (C) 72 (D) 32

22. "ਦੇਵੀ ਦਸਤ ਨਚਾਈ ਸੀਹਣ ਸਾਰਦੀ" ਇਸ ਪੰਕਤੀ ਵਿੱਚ 'ਸੀਹਣ' ਸ਼ਬਦ ਕਿਸ ਅਰਥ ਆਇਆ ਹੈ ?

(A) ਸ਼ੇਰ (B) ਚੀਤਾ (C) ਬਘਿਆੜ (D) ਸ਼ੇਰਨੀ

23. 'ਉੱਜਲ' ਸ਼ਬਦ ਦਾ ਸਮਾਨਰਥਕ ਸ਼ਬਦ ਦੱਸੋ ।

(A) ਨਿਰਮਲ (B) ਸ੍ਰੇਸ਼ਟ (C) ਉਪਰਾਲਾ (D) ਯੋਗ

24. ਗੁਰੂ ਨਾਨਕ ਦੇਵ ਜੀ ਦਾ ਜਨਮ ਕਿਸ ਸੰਨ ਵਿਚ ਹੋਇਆ ?

(A) 1479 (B) 1459 (C) 1469 (D) 1489

25. "ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹੁ ।।" ਇਸ ਪੰਕਤੀ ਵਿੱਚ 'ਮੰਗਣ' ਸ਼ਬਦ ਕਿਸ ਅਰਥ ਵਿਚ ਆਇਆ ਹੈ ?

(A) ਕੁੜਮਾਈ (B) ਭੀਖ ਮੰਗਣਾ

(C) ਉਪਰੋਕਤ ਦੋਵੇਂ (D) ਉਪਰੋਕਤ ਕੋਈ ਨਹੀਂ

26. 'ਗਲ ਪੈ ਜਾਣਾ' ਮੁਹਾਵਰੇ ਦਾ ਕੀ ਅਰਥ ਹੈ?

(A) ਝਗੜਨਾ (B) ਖਿਲਾਰਾ ਪਾਉਣਾ

(C) ਭਾਵੁਕ ਹੋਣਾ (D) ਮਜਬੂਰੀ ਵੱਸ ਕੰਮ ਕਰਨਾ

27. 'ਉੱਦਮ ਅੱਗੇ ਲੱਛਮੀ ________' ਖਾਲੀ ਥਾਂ ਭਰਕੇ ਇਸ ਅਖਾਣ ਨੂੰ ਪੂਰਾ ਕਰੋ।

(A) ਪੱਖੇ ਅੱਗੇ ਪੌਣ (B) ਉੱਚੀ ਹੋ ਜਾਏ ਧੌਣ (C) ਫੇਰ ਤੂੰ ਕੌਣ (D) ਉਪਰੋਕਤ ਕੋਈ ਨਹੀਂ

28. 'ਉੱਲਟੀ ਵਾੜ _______' ਖਾਲੀ ਥਾਂ ਭਰਕੇ ਇਸ ਅਖਾਣ ਨੂੰ ਪੂਰਾ ਕਰੋ।

(A) ਖੇਤ ਨੂੰ ਵਾਹੇ (B) ਖੇਤ ਨੂੰ ਖਾਏ (C) ਖੇਤ ਨੂੰ ਆਏ (D) ਖੇਤ ਨੂੰ ਜਾਏ

29. ਪ੍ਰਯੋਗ ਦੇ ਅਧਾਰ 'ਤੇ ਪੰਜਾਬੀ ਸ਼ਬਦ-ਸ਼੍ਰਣੀਆਂ ਨੂੰ ਕਿਹੜੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ —

(A) ਨਾਂਵ, ਪੜਨਾਂਵ, ਵਿਸ਼ੇਸ਼ਣ, ਵਿਸਮਕ, ਕਿਰਿਆ, ਕਿਰਿਆ-ਵਿਸ਼ੇਸ਼ਣ, ਸੰਬੰਧਕ,, ਯੋਜਕ

(B) ਅਖ਼ਾਣ, ਮੁਹਾਵਰੇ, ਲੋਕ–ਬੋਲੀਆਂ, ਟੱਪੇ, ਢੋਲਾ, ਮਾਹੀਰਾ

(C) ਉਪਰੋਕਤ ਸਾਰੇ

(D) ਉਪਰੋਕਤ ਕੋਈ ਨਹੀਂ

30. ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦਾ ਹੋਣਾ ਜਾਂ ਕਰਨ ਦਾ ਪ੍ਰਗਟ ਹੋਵੇ, ਉਸ ਸ਼ਬਦ ਨੂੰ ਕੀ ਆਖਦੇ ਹਨ?

(A) ਵਿਸ਼ੇਸ਼ਣ (B) ਸੰਬੰਧਕ (C) ਕਿਰਿਆ (D) ਕਿਰਿਆ–ਵਿਸ਼ੇਸ਼ਣ

31. 'ਸਹਿ' ਅਗੇਤਰ ਨਾਲ ਬਣਿਆ ਕਿਹੜਾ ਸ਼ਬਦ ਸਹੀ ਹੈ?

(A) ਸਹਿਕਾਰੀ (B) ਸਹਿਗਾਣ (C) ਉਪਰੋਕਤ ਦੋਵੇਂ (D) ਉਪਰੋਕਤ ਕੋਈ ਨਹੀਂ

32. ਅਪਮਾਨ ਸ਼ਬਦ ਦੇ 'ਜਨਕ' ਪਿਛੇਤਰ ਲਾ ਕੇ ਬਣਿਆ ਕਿਹੜਾ ਸ਼ਬਦ ਸਹੀ ਹੈ?

(A) ਅਪਜਨਕ (B) ਅਪਮਾਨਜਨਕ (C) ਆਪੱਤੀਜਨਕ (D) ਉਪਰੋਕਤ ਕੋਈ ਨਹੀਂ

33. 'ਗੱਭਰੂ' ਸ਼ਬਦ ਦਾ ਇਸਤਰੀ-ਲਿੰਗ ਕੀ ਹੋਵੇਗਾ ?

(A) ਇਸਤਰੀ (B) ਮੁਟਿਆਰ (C) ਬਾਲੜੀ (D) ਸਹੇਲੀ

34. "ਚੋ" ਸ਼ਬਦ ਦਾ ਬਹੁ-ਵਚਨ ਕੀ ਹੋਵੇਗਾ ?

(A) ਚੋਆਵਾਂ (B) ਚੋਂਦੀਆਂ (C) ਚੋਣਾਂ (D) ਚੋਆਂ

35. 'ਮੇਰਾ ਸਾਈਕਲ' ਵਾਕੰਸ਼ ਦਾ ਇਸਤਰੀ-ਲਿੰਗ ਬਦਲਿਆਂ ਕੀ ਬਣੇਗਾ ?

(A) ਮੇਰਾ ਸਾਈਕਲੀ (B) ਮੇਰੀ ਸਾਈਕਲ

(C) ਮੇਰੀ ਸਾਈਕਲੀ (D) ਉਪਰੋਕਤ ਕੋਈ ਨਹੀਂ

36. 'ਗੁਆਚਣਾ' ਸ਼ਬਦ ਦਾ ਵਿਰੋਧਾਰਥਕ ਸ਼ਬਦ ਦੱਸੋ ।

(A) ਵੱਸਣਾ (B) ਲੱਭਣਾ (C) ਵੇਚਣਾ (D) ਚੁੱਕਣਾ

37. 'ਕੋਖ ਭੰਨ ਕੇ ਦੂਹਰਾ ਨਾ ਕਰਨਾ' ਮੁਹਾਵਰੇ ਦਾ ਕੀ ਅਰਥ ਹੈ ?

(A) ਕੰਮ ਨਾ ਲੱਭਣਾ (B) ਉਦਾਸ ਹੋਣਾ

(C) ਬਿਲਕੁਲ ਕੰਮ ਨਾ ਕਰਨਾ (D) ਬੇਸੁਆਦੀ ਕਰਨਾ

38. ਹੇਠ ਲਿਖਿਆਂ ਵਿੱਚੋਂ ਕਿਹੜੇ ਵਿਸ਼ਰਾਮ ਚਿੰਨ੍ਹ ਨੂੰ ਅਲਪ-ਵਿਰਾਮ ਚਿੰਨ੍ਹ ਵੀ ਕਹਿੰਦੇ ਹਨ ?

(A) ਦੁਬਿੰਦੀ (B) ਬਿੰਦੀ (C) ਕਾਮਾ (D) ਦੁਬਿੰਦੀ ਡੈਸ਼

39. ਹੇਠ ਲਿਖਿਆਂ ਵਿੱਚੋਂ ਵਿਸਰਾਮ ਚਿੰਨ੍ਹਾਂ ਦੀ ਸਹੀ ਵਰਤੋਂ ਪੱਖੋਂ ਕਿਹੜਾ ਵਾਕ ਦਰੁਸਤ ਹੈ ?

(A) ਹੈਂ ਇਸਤਰੀ ! ਨੇ ਡਾਕੂ ਮਾਰ ਭਜਾ ਦਿੱਤੇ। (B) ਹੈਂ! ਇਸਤਰੀ ਨੇ ਡਾਕੂ ਮਾਰ ਭਜਾ ਦਿੱਤੇ।

(C) ਹੈਂ ਇਸਤਰੀ ਨੇ ! ਡਾਕੂ ਮਾਰ ਭਜਾ ਦਿੱਤੇ? (D) ਹੈਂ! ਇਸਤਰੀ ਨੇ; ਡਾਕੂ ਮਾਰ ਭਜਾ ਦਿੱਤੇ।

40. ਹੇਠ ਲਿਖਿਆ ਵਿੱਚੋਂ ਕਿਹੜਾ ਸਬਦ-ਜੋੜ ਦਰੁਸਤ ਨਹੀਂ ਹੈ ?

(A) ਮਿਹਨਤ (B) ਛਾਨਣਾ (C) ਸ਼ਹਿਰ (D) ਵਿਹੜਾ

41. ਹੇਠ ਲਿਖਿਆਂ ਵਿੱਚੋਂ ਕਿਹੜਾ ਸਬਦ-ਜੋੜ ਠੀਕ ਹੈ ?

(A) ਧੁੰਧ (B) ਠੰਢਾ (C) ਖੰਬ (D) ਲਾਬ

42. ਹੇਠ ਲਿਖਿਆਂ ਵਿੱਚੋਂ ਸਹੀ ਸਬਦ-ਜੋੜ ਚੁਣੋ:

(A) ਸੜਣ (B) ਗਿੱਧਾ (C) ਆਯਾ (D) ਬਚੌਣਾ

43. Endorsement ਸ਼ਬਦ ਦਾ ਠੀਕ ਪੰਜਾਬੀ ਅਨੁਵਾਦ ਹੈ :

(A) ਇਜਾਰੇਦਾਰੀ (B) ਨਿਸ਼ਕਰਮੀ (C) ਰੇਖਿਕ (D) ਪਿੱਠ-ਅੰਕਣ

44. Momentum ਸ਼ਬਦ ਦਾ ਸ਼ੁੱਧ ਪੰਜਾਬੀ ਅਨੁਵਾਦ ਹੈ :

(A) ਮਾਲਾ (B) ਦੁਮੇਲ (C) ਅੰਤਰ-ਪ੍ਰੇਰਨਾ (D) ਸੰਵੇਗ

45. Embezzlement ਸ਼ਬਦ ਦਾ ਠੀਕ ਪੰਜਾਬੀ ਅਨੁਵਾਦ ਹੈ :

(A) ਗ਼ਬਨ (B) ਸੁਲੇਖ (C) ਛੋਟ (D) ਸੁਮੇਲ

46. Tranquilizer ਸ਼ਬਦ ਦਾ ਠੀਕ ਪੰਜਾਬੀ ਅਨੁਵਾਦ ਹੈ :

(A) ਸ਼ਾਂਤਕਾਰਕ (B) ਵੈਧ (C) ਇਕਾਈ (D) ਮਾਦਾ

47. Returns ਸ਼ਬਦ ਦਾ ਠੀਕ ਪੰਜਾਬੀ ਅਨੁਵਾਦ ਹੈ :

(A) ਛਾਂਟੀ (B) ਵਿਵਰਨ (C) ਇੰਦਰਾਜ (D) ਮੱਦ

48. ਕਰਤਾਰ ਸਿੰਘ ਸਰਾਭਾ ਨੂੰ ਕਦੋਂ ਫਾਂਸੀ ਦਿੱਤੀ ਗਈ ?

(A) 1915 (B) 1920 (C) 1922 (D) 1925

49. ਹੇਠ ਲਿਖਿਆਂ ਵਿੱਚੋਂ ਕਿਸ ਵਿਸ਼ਰਾਮ ਚਿੰਨ੍ਹ ਦੀ ਵਰਤੋਂ ਪੂਰਨ ਵਿਸ਼ਰਾਮ ਤੋਂ ਅੱਧੇ ਨਹਿਰਾਅ ਲਈ ਕੀਤੀ ਜਾਂਦੀ ਹੈ ?

(A) ਬਿੰਦੀ ਕਾਮਾ (B) ਕਾਮਾ (C) ਜੋੜਨੀ (D) ਪੁੱਠੇ ਕਾਮੇ

50. ਕਿਸੇ ਸ਼ਬਦ, ਵਾਕਾਂਸ਼, ਜਾਂ ਉਪਵਾਕ ਦੀ ਵਿਆਖਿਆ ਤੋਂ ਪਹਿਲਾਂ ਹੇਠ ਲਿਖਿਆਂ ਵਿੱਚੋਂ ਕਿਹੜੇ ਵਿਸ਼ਰਾਮ ਚਿੰਨ੍ਹ ਦੀ ਵਰਤੋਂ ਹੁੰਦੀ ਹੈ ?

(A) ਵਿਸਮਕ ਚਿੰਨ੍ਹ (B) ਦੁਬਿੰਦੀ (C) ਕਾਮਾ (D) ਡੰਡੀ